# ORAcollect®•Dx

REF OCD-100




**ਇਕੱਤਰ ਕਰਨ ਬਾਬਤ ਸਾਵਧਾਨੀਆਂ:**

**ਨਮੂਨਾ ਦੇਣ ਵਾਲੇ ਨੂੰ ਥੁੱਕ ਦਾ ਨਮੂਨਾ ਲੈਣ ਤੋਂ 30 ਮਿੰਟ ਪਹਿਲਾਂ ਖਾਣ, ਪੀਣ, ਸਿਗਰਟਨੋਸ਼ੀ ਕਰਨ ਜਾਂ ਚਬਾਉਣ ਵਾਲੀ ਗੱਮ ਤੋਂ ਪਰਹੇਜ਼ ਕਰਨਾ ਚਾਹੀਦਾ ਹੈ।**

**ਯਕੀਨੀ ਬਣਾਓ ਕਿ ਥੁੱਕ ਇਕੱਤਰ ਕਰਨ ਤੋਂ ਪਹਿਲਾਂ ਸਪੌਂਜ ਦੀ ਨੋਕ ਕਿਸੇ ਹੋਰ ਸਤਹ ਦੇ ਸੰਪਰਕ ਵਿੱਚ ਨਾ ਆਵੇ।**

**ਇਰਾਦਤਨ ਵਰਤੋਂ:** ORAcollect®•Dx ਬਿਨਾਂ ਚੀਰੇ ਤੋਂ ਥੁੱਕ ਦੇ ਨਮੂਨਿਆਂ ਦੇ ਇਕੱਤਰੀਕਰਨ ਵਿੱਚ ਵਰਤੋਂ ਕਰਨ ਵਾਸਤੇ ਹੈ। ਥੁੱਕ ਦੇ ਨਮੂਨੇ ਤੋਂ ਮਨੁੱਖੀ DNA ਨੂੰ ਅਲਹਿਦਾ ਕੀਤਾ ਜਾਂਦਾ ਹੈ, ਸਥਿਰ ਕੀਤਾ ਜਾਂਦਾ ਹੈ ਅਤੇ FDA ਵੱਲੋਂ ਪ੍ਰਮਾਣਿਤ ਅਣਵੀਂ ਤਸ਼ਖੀਸੀ ਉਪਯੋਗਾਂ (molecular diagnostic applications) ਵਿੱਚ ਵਰਤਣ ਲਈ ਢੁਕਵਾਂ ਬਣਾਇਆ ਜਾਂਦਾ ਹੈ। ORAcollect•Dx ਦੀ ਵਰਤੋਂ ਕਰਕੇ ਇਕੱਤਰ ਕੀਤੇ ਥੁੱਕ ਦੇ ਨਮੂਨਿਆਂ ਨੂੰ ਸਥਿਰ ਕੀਤਾ ਜਾਂਦਾ ਹੈ ਅਤੇ ਇਹਨਾਂ ਨੂੰ ਆਮ ਵਾਯੂਮੰਡਲੀ ਹਾਲਤਾਂ ਤਹਿਤ ਇੱਕ ਤੋਂ ਦੂਜੀ ਥਾਂ ਭੇਜਿਆ ਜਾ ਸਕਦਾ ਹੈ ਅਤੇ/ਜਾਂ ਲੰਬੀ-ਮਿਆਦ ਲਈ ਸਟੋਰ ਕੀਤਾ ਜਾ ਸਕਦਾ ਹੈ।

**ਅੰਸ਼:** ਕਿੱਟ ਵਿੱਚ ਸਥਿਰ ਕਰਨ ਵਾਲਾ ਤਰਲ ਹੁੰਦਾ ਹੈ।

**ਚੇਤਾਵਨੀਆਂ ਅਤੇ ਸਾਵਧਾਨੀਆਂ:**

- ਸਿਰਫ ਪ੍ਰਿਸਕ੍ਰਿਪਸ਼ਨ। ਪੇਸ਼ੇਵਰਾਨਾ ਵਰਤੋਂ ਵਾਸਤੇ।
- ਨਮੂਨਾ ਇਕੱਤਰ ਕਰਨ ਤੋਂ ਪਹਿਲਾਂ ਸਾਰੀਆਂ ਹਿਦਾਇਤਾਂ ਧਿਆਨ ਨਾਲ ਪੜ੍ਹੋ; ਹਿਦਾਇਤਾਂ ਤੋਂ ਭਟਕਣ ਦਾ ਨਤੀਜਾ ਨਾਕਾਫੀ ਨਮੂਨੇ ਦੇ ਰੂਪ ਵਿੱਚ ਨਿਕਲ ਸਕਦਾ ਹੈ ਅਤੇ ਮਿਲਣ ਵਾਲੇ DNA ਦੀ ਮਾਤਰਾ 'ਤੇ ਅਸਰ ਪਾ ਸਕਦਾ ਹੈ।
- ਦਮ ਘੁੱਟਣ ਦਾ ਖਤਰਾ। ਸਪੌਂਜ ਨੂੰ ਮੂੰਹ ਵਿੱਚ ਪਾਉਣ ਸਮੇਂ ਸਾਵਧਾਨੀ ਵਰਤਣੀ ਚਾਹੀਦੀ ਹੈ।
- ਹੋ ਸਕਦਾ ਹੈ ਜ਼ੀਰੋਸਟੋਮੀਆ (ਖੁਸ਼ਕ ਮੂੰਹ) ਦੀ ਅਵਸਥਾ ਵਾਲੇ ਦਾਨੀ ਇਹਨਾਂ ਹਿਦਾਇਤਾਂ ਦੀ ਵਰਤੋਂ ਕਰਕੇ ਉਚਿਤ ਮਾਤਰਾ ਵਿੱਚ ਨਮੂਨਾ ਨਾ ਇਕੱਤਰ ਕਰ ਸਕਣ ਜਿਸ ਦੇ ਸਿੱਟੇ ਵਜੋਂ DNA ਘੱਟ ਮਾਤਰਾ ਵਿੱਚ ਮਿਲੇਗਾ ਅਤੇ ਨਮੂਨਾ ਵਰਤਣ ਲਈ ਅਵੈਧ ਹੋ ਜਾਵੇਗਾ।
- ਜੇ ਸਥਿਰ ਕਰਨ ਵਾਲਾ ਤਰਲ ਅੱਖਾਂ ਜਾਂ ਚਮੜੀ ਦੇ ਸੰਪਰਕ ਵਿੱਚ ਆ ਜਾਂਦਾ ਹੈ ਤਾਂ ਪਾਣੀ ਨਾਲ ਧੋਵੋ। ਇਸਨੂੰ ਨਿਗਲੋ ਨਾ। www.dnagenotek.com 'ਤੇ MSDS ਦੇਖੋ।

**ਸਟੋਰੇਜ:** 15 – 25°C

**ਲੇਬਲ ਸੰਕੇਤਿਕਾ:**

| | |
|---|---|
| REF | ਕੈਟਾਲਾਗ ਨੰਬਰ |
| IVD | ਬਣਾਵਟੀ ਮਹੌਲ ਵਿੱਚ ਤਸ਼ਖੀਸ ਕਰਨ ਵਾਲੀ ਡਾਕਟਰੀ ਡੀਵਾਈਸ |
| CE | CE ਮਾਰਕਾ |
| (factory symbol) | ਨਿਰਮਾਤਾ |
| EC REP | ਅਧਿਕਾਰਿਤ ਪ੍ਰਤੀਨਿਧ |
| 15°C – 25°C | ਸਟੋਰੇਜ ਬਾਬਤ ਹਿਦਾਇਤਾਂ |
| (hourglass symbol) | ਇਸ ਤਾਰੀਖ ਤੱਕ ਨਮੂਨਾ ਇਕੱਤਰ ਕਰੋ (ਵਰਤੋ) |
| LOT | ਲਾਟ ਨੰਬਰ |

## ਥੁੱਕ ਦਾ ਨਮੂਨਾ ਇਕੱਤਰ ਕਰਨ ਦੀ ਪ੍ਰਕਿਰਿਆ:




ਪੈਕੇਜ ਖੋਲ੍ਹੋ ਅਤੇ ਸਪੌਂਜ ਦੀ ਨੋਕ ਨੂੰ ਛੂਹੇ ਬਗੈਰ ਕਲੈਕਟਰ ਨੂੰ ਹਟਾਓ। ਸਪੌਂਜ ਨੂੰ ਮੂੰਹ ਵਿੱਚ ਏਨਾ ਕੁ ਪਿੱਛੇ ਰੱਖੋ ਜਿੰਨਾ ਆਰਾਮਦਾਇਕ ਹੋਵੇ ਅਤੇ ਅੱਗੇ-ਪਿੱਛੇ ਕਰਦੇ ਹੋਏ ਨਿਚਲੇ ਮਸੂੜਿਆਂ ਦੇ ਨਾਲ ਰਗੜੋ (ਕਲੋਜ਼ ਅੱਪ ਚਿੱਤਰ ਦੇਖੋ)। ਨਰਮਾਈ ਨਾਲ ਮਸੂੜਿਆਂ ਨੂੰ 10 ਵਾਰ ਰਗੜੋ। ਜੇ ਸੰਭਵ ਹੋਵੇ, ਤਾਂ ਦੰਦਾਂ ਨੂੰ ਰਗੜਨ ਤੋਂ ਬਚੋ।




ਰਗੜਨ ਦੀ ਹਰਕਤ ਨੂੰ ਨਰਮਾਈ ਨਾਲ ਮੂੰਹ ਦੇ ਦੂਜੇ ਪਾਸੇ ਨਿਚਲੇ ਮਸੂੜਿਆਂ ਦੇ ਨਾਲ-ਨਾਲ 10 ਵਾਰ ਹੋਰ ਦੁਹਰਾਓ।




ਟਿਊਬ ਵਿਚਲੇ ਸਥਿਰ ਕਰਨ ਵਾਲੇ ਤਰਲ ਨੂੰ ਡੁੱਲ੍ਹਣ ਤੋਂ ਬਚਾਉਣ ਲਈ ਟਿਊਬ ਨੂੰ ਸਿੱਧੀ ਰੱਖ ਕੇ ਪਕੜੋ। ਸਪੌਂਜ ਨੂੰ ਛੂਹੇ ਬਗੈਰ ਕਲੈਕਸ਼ਨ ਟਿਊਬ ਤੋਂ ਨੀਲੇ ਰੰਗ ਦੇ ਢੱਕਣ ਨੂੰ ਘੁੰਮਾ ਕੇ ਉਤਾਰੋ।




ਢੱਕਣ ਨੂੰ ਉਲਟਾ ਕਰ ਦਿਓ, ਸਪੌਂਜ ਨੂੰ ਟਿਊਬ ਵਿੱਚ ਪਾਓ ਅਤੇ ਢੱਕਣ ਨੂੰ ਕੱਸ ਕੇ ਬੰਦ ਕਰ ਦਿਓ।




ਢੱਕਣ ਲੱਗੀ ਟਿਊਬ ਨੂੰ ਉਲਟਾ ਕਰੋ ਅਤੇ 10 ਮਿੰਟ ਵਾਸਤੇ ਜ਼ੋਰ ਨਾਲ ਹਿਲਾਓ।

CE IVD

ਬਣਾਵਟੀ ਮਹੌਲ ਵਿੱਚ ਤਸ਼ਖੀਸ਼ ਲਈ ਵਰਤੋਂ ਵਾਸਤੇ

EC REP Emergo Europe, Prinsessegracht 20, 2514 AP The Hague, The Netherlands

DNA genotek™

ਬਿਹਤਰੀਨ ਨਮੂਨੇ
ਸਿੱਧ ਹੋ ਚੁੱਕਾ ਪ੍ਰਦਰਸ਼ਨ

®ORAcollect, DNA Genotek Inc. ਦਾ ਪੰਜੀਕਿਰਤ ਵਪਾਰਕ ਚਿੰਨ੍ਹ ਹੈ।
ਹੋ ਸਕਦਾ ਹੈ DNA Genotek™ ਦੇ ਕੁਝ ਉਤਪਾਦ ਸਾਰੇ ਭੂਗੋਲਿਕ ਖੇਤਰਾਂ ਵਿੱਚ ਉਪਲਬਧ ਨਾ ਹੋਣ, ਵੇਰਵਿਆਂ ਵਾਸਤੇ ਆਪਣੇ ਵਿਕਰੀ ਪ੍ਰਤੀਨਿਧਾਂ ਨਾਲ ਸੰਪਰਕ ਕਰੋ।
DNA Genotek ਦੇ ਸਾਰੇ ਪ੍ਰੋਟੋਕੋਲ, ਸਫੈਦ ਪੱਤਰ ਅਤੇ ਉਪਯੋਗ ਸੰਬੰਧੀ ਨੋਟ-ਕਥਨ, ਸਾਡੀ ਵੈੱਬਸਾਈਟ www.dnagenotek.com ਦੇ ਸਹਾਇਤਾ ਸੈਕਸ਼ਨ ਵਿੱਚ ਉਪਲਬਧ ਹਨ।

DNA Genotek Inc.
3000 - 500 Palladium Drive
Ottawa, ON, Canada K2V 1C2

ਟੈਲੀ.: +1.613.723.5757 • ਫੈਕਸ: +1.613.723.5057
info@dnagenotek.com
www.dnagenotek.com

ਪੇਟੈਂਟ (www.dnagenotek.com/legalnotices)
© 2020 DNA Genotek Inc., ਜੋ OraSure Technologies, Inc. ਦੀ ਇੱਕ ਸਹਾਇਕ ਕੰਪਨੀ ਹੈ। ਸਾਰੇ ਹੱਕ ਰਾਖਵੇਂ ਹਨ।

PD-PR-01013 (PA -Punjabi) Issue 1/2020-06